**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਐਸ.ਸੀ.ਓ. 104-06, ਸੈਕਟਰ 34-ਏ, ਚੰਡੀਗੜ੍ਹ**

ਸੇਵਾ ਵਿਖੇ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਅਤੇ (ਸੈ.ਸਿ.)
ਪੰਜਾਬ।

ਸਮੂਹ ਸਕੂਲ ਮੁੱਖੀ

ਮੀਮੋ ਨੰ: ਐਸ.ਐਸ.ਏ./ਵਜੀਫਾ/2012/ 72456
ਮਿਤੀ: ਚੰਡੀਗੜ੍ਹ 04 ਸਤੰਬਰ, 2012

ਵਿਸ਼ਾ:- **ਸਰਕਾਰੀ /ਸਰਕਾਰੀ ਏਡਿਡ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹ ਰਹੇ ਘੱਟ ਗਿਣਤੀਆਂ ਨਾਲ ਸਬੰਧਤ ਵਿਦਿਆਰਥੀਆਂ ਦੇ ਵਜ਼ੀਫ਼ੇ ਦੇ ਫ਼ਾਰਮ ਜਮ੍ਹਾਂ ਕਰਵਾਉਣ ਦੀ ਮਿਤੀ ਵਿੱਚ ਵਾਧਾ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਕ੍ਰਿਪਾਲਤਾ ਕਰੋ ਜੀ।

2.0 ਮਿਤੀ 31 ਅਗਸਤ 2012 ਨੂੰ The Tribune ਅਖ਼ਬਾਰ ਵਿੱਚ ਜਾਰੀ ਜਨਤਕ ਨੋਟਿਸ ਮੁਤਾਬਿਕ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਵੱਲੋਂ ਘੱਟ ਗਿਣਤੀਆਂ ਦੇ ਵਿਦਿਆਰਥੀਆਂ ਦੇ ਵਜੀਫੇ ਸਬੰਧੀ ਫਾਰਮ ਲੈਣ ਦੀ ਮਿਤੀ 21 ਸਤੰਬਰ 2012 (ਪ੍ਰੀ-ਮੈਟ੍ਰਿਕ ਲਈ) ਅਤੇ 30 ਸਤੰਬਰ 2012 (ਪੋਸਟ-ਮੈਟ੍ਰਿਕ) ਤੱਕ ਵਾਧਾ ਕੀਤਾ ਗਿਆ ਹੈ ।

3.0 ਅਖ਼ਬਾਰੀ ਰਿਪੋਰਟਾਂ ਰਾਹੀ ਧਿਆਨ ਵਿੱਚ ਆਇਆ ਹੈ ਕਿ ਕੁੱਝ ਬੈਂਕ, ਅਕਾਊਂਟ ਖੋਲ੍ਹਣ ਲਈ ਵਿਦਿਆਰਥੀਆਂ ਤੋਂ 500/- ਰੁਪਏ ਜਾਂ ਇਸ ਤੋਂ ਵੱਧ ਵਸੂਲ ਰਹੇ ਹਨ, ਜਿਸ ਕਰਕੇ ਗਰੀਬ ਵਿਦਿਆਰਥੀ ਇਹ ਰਕਮ ਜਮ੍ਹਾਂ ਕਰਵਾਉਣ ਤੋਂ ਅਸਮਰਥ ਹਨ ਅਤੇ ਅਕਾਊਂਟ ਖੋਲ੍ਹਣ ਵਿੱਚ ਦਿੱਕਤ ਆ ਰਹੀ ਹੈ। ਇਸ ਮੁਸ਼ਕਿਲ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਨੈਸ਼ਨਲ ਬੈਂਕ (ਲੀਡ ਬੈਂਕ) ਨੇ ਬੈਕਾਂ ਦੀਆਂ ਸਾਰੀਆਂ ਬ੍ਰਾਂਚਾ ਨੂੰ ਜੀਰੋ ਬੈਲੈਂਸ ਅਕਾਊਂਟ ਖੋਲ੍ਹਣ ਲਈ ਹਦਾਇਤਾਂ ਜਾਰੀ ਕੀਤੀਆਂ ਹਨ। ਇਸ ਸਬੰਧੀ ਬੈਂਕ ਵੱਲੋਂ ਜਾਰੀ ਪੱਤਰ ਅਤੇ ਵਜੀਫ਼ਾ ਫਾਰਮ ਭਰਨ ਸਬੰਧੀ ਸਾਫਟਵੇਅਰ ਸਵੈ-ਸੇਵੀ ਸੰਸਥਾ ਨੇ ਆਪਣੀ ਵੈਬ-ਸਾਈਟ http://www.barusahib.org/ms/ ਤੇ ਉਪਲਬਧ ਕਰਵਾਇਆ ਹੈ।

4.0 ਕਿਸੇ ਵੀ ਜਾਣਕਾਰੀ ਜਾਂ ਮੁਸ਼ਕਿਲ ਸਬੰਧੀ ਉਕਤ ਵੈਬ-ਸਾਈਟ ਤੇ ਜਾ ਕੇ ਜਾਣਕਾਰੀ ਲਈ ਜਾ ਸਕਦੀ ਹੈ।

5.0 ਇਸ ਲਈ ਜੇਕਰ ਆਪ ਦੇ ਜ਼ਿਲ੍ਹੇ ਅਧੀਨ ਕਿਸੇ ਸਕੂਲ ਵਿੱਚ ਕਿਸੇ ਵਿਦਿਆਰਥੀ ਦਾ ਫਾਰਮ ਜਮ੍ਹਾਂ ਕਰਵਾਉਣਾ ਬਾਕੀ ਹੈ ਤਾਂ ਉਪਰੋਕਤ ਮਿਤੀ ਤੱਕ ਜਮ੍ਹਾਂ ਕਰਵਾ ਦਿੱਤਾ ਜਾਵੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਅਤੇ ਭਲਾਈ ਵਿਭਾਗ ਨੂੰ ਸੂਚਨਾ ਸਮੇਂ ਸਿਰ ਭੇਜਣ ਦੀ ਖੇਚਲ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ।